**By email/Urgent.**

# ਡਾਇਰੈੱਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ ।

ਪੰਜਾਬ ਲਾਇਵਸਟਾਕ ਕੰਪਲੈਕਸ, ਸੈਕਟਰ-68, ਐਸ.ਏ.ਐਸ.ਨਗਰ,
( ਅਮਲਾ ਸ਼ਾਖਾ-2 )

ਸੇਵਾ ਵਿਖੇ,

ਸਮੂਹ ਅਧੀਨ ਦਫਤਰ,
ਪਸ਼ੂ ਪਾਲਣ ਵਿਭਾਗ, ਪੰਜਾਬ ।
ਮੀਮੋ ਨੰ: 2019/ਅ-4/
ਚੰਡੀਗੜ੍ਹ, ਮਿਤੀ:

ਵਿਸ਼ਾ:- ਚੰਡੀਗੜ੍ਹ ਪ੍ਰਸ਼ਾਸ਼ਨ ਵਿੱਚ ਡੈਪੂਟੇਸ਼ਨ ਤੇ ਵੈਟੀ. ਇੰਸਪੈਕਟਰਾਂ ਦੀ ਤੈਨਾਤੀ ਲਈ ਪੈਨਲ ਭੇਜਣ ਬਾਰੇ।

=====

ਉਪਰੋਕਤ ਵਿਸ਼ੇ ਤੇ ਆਪ ਨੂੰ ਪਹਿਲਾਂ ਸਮੇ-ਸਮੇ ਤੇ ਜਾਰੀ ਪੱਤਰਾਂ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਚੰਡੀਗੜ੍ਹ ਪ੍ਰਸ਼ਾਸ਼ਨ ਦੀ ਮੰਗ ਅਨੁਸਾਰ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਵੈਟਨਰੀ ਇੰਸਪੈਕਟਰਾਂ ਦੀਆਂ ਪੰਜਾਬ ਕੋਟੇ ਦੀਆਂ ਖਾਲੀ ਹੋ ਰਹੀਆ ਦੋ ਅਸਾਮੀਆ ਭਰਨ ਲਈ ਚਾਹਵਾਨ ਕਰਮਚਾਰੀਆ ਦਾ ਪੈਨਲ ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਭੇਜਿਆ ਜਾਣਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪ ਅਧੀਨ ਸਮੂਹ ਸੀਨੀਅਰ ਵੈਟਨਰੀ ਅਫਸਰਾਂ ਅਤੇ ਵੈਟਨਰੀ ਅਫਸਰਾਂ ਰਾਹੀ ਜਿਲੇ ਦੇ ਸਾਰੇ ਵੈਟਨਰੀ ਇੰਸਪੈਕਟਰਾਂ ਨੂੰ ਜਾਣੂ ਕਰਵਾਕੇ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਡੈਪੂਟੇਸ਼ਨ ਤੇ ਜਾਣ ਵਾਲੇ ਚਾਹਵਾਨ ਕਰਮਚਾਰੀਆ, ਜਿਹਨਾਂ ਦੀ ਰੈਗੂਲਰ ਸੇਵਾ 5 ਸਾਲ ਦੀ ਹੋ ਗਈ ਹੋਵੇ ਅਤੇ ਕੰਮ ਅਤੇ ਆਚਰਣ ਚੰਗੇ ਦਰਜ਼ੇ ਦਾ ਹੋਵੇ, ਦੀਆਂ ਅਰਜ਼ੀਆ ਪ੍ਰਾਪਤ ਕਰਕੇ ਸਮੇਤ ਸੇਵਾ ਪੱਤਰੀਆ ਦੇ ਮਿਤੀ 25.03.2019 ਤੱਕ ਇਸ ਦਫਤਰ ਵਿਖੇ ਵਿਸ਼ੇਸ਼ ਹਰਕਾਰੇ ਰਾਹੀ ਭੇਜਣੀਆ ਯਕੀਨੀ ਬਣਾਈਆ ਜਾਣ । ਜੇਕਰ ਆਪ ਅਧੀਨ ਕੰਮ ਕਰਦੇ ਵੈਟਨਰੀ ਇੰਸਪੈਕਟਰਾ ਵਿੱਚੋ ਕੋਈ ਵੀ ਕਰਮਚਾਰੀ ਡੈਪੂਟੇਸ਼ਨ ਤੇ ਜਾਣ ਦਾ ਚਾਹਵਾਨ ਨਹੀ ਹੈ, ਤਾਂ ਵੀ ਇਸ ਸਬੰਧੀ ਤਸਦੀਕ ਕਰਕੇ ਰਿਪੋਟ ਮਿੱਥੇ ਸਮੇ ਦੇ ਅੰਦਰ-ਅੰਦਰ dahpujab@gmail.com ਤੇ ਈ.ਮੇਲ ਰਾਹੀ ਭੇਜੀ ਜਾਵੇ । ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਪੱਤਰ ਜਾਰੀ ਹੋਣ ਉਪਰੰਤ ਸੂਚਨਾਂ ਨਾ ਮਿਲਣ ਕਾਰਣ ਕਿਸੇ ਚਾਹਵਾਨ ਕਰਮਚਾਰੀ ਦੇ ਡੈਪੂਟੇਸ਼ਨ ਤੇ ਰਹਿ ਜਾਣ ਦੀ ਸੂਰਤ ਵਿੱਚ ਆਪ ਦੀ ਨਿਜੀ ਜਿੰਮੇਵਾਰੀ ਨਿਰਧਾਰਤ ਕੀਤੀ ਜਾਵੇਗੀ।

ਇਸ ਪੱਤਰ ਨੂੰ ਪਰਮ ਅਗੇਤ ਦਿੱਤੀ ਜਾਵੇ ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।

ਪਿ:ਅੰ:ਨੰ: 2019/ਅ-4/ 4501-03 ਮਿਤੀ: 19-3-19

ਇਸ ਦਾ ਇੱਕ ਉਤਾਰਾ ਨਿਮਨਲਿਖਤ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਇਸ ਦਾ ਇੱਕ ਉਤਾਰਾ ਨਿਜੀ ਸਟਾਫ ਟੂ ਨਿਮਨਹਸ਼ਤਾਖਰ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪੱਤਰ ਦੀ ਇੱਕ ਕਾਪੀ ਸਮੂਹ ਡ.ਡ.ਪ.ਪ. ਨੂੰ ਈਮੇਲ ਕਰਕੇ ਉਹਨਾਂ ਨੂੰ ਮੰਗੀ ਗਈ ਸੂਚਨਾਂ ਮਿੱਥੇ ਸਮੇ ਅੰਦਰ ਭੇਜਣ ਲਈ ਟੈਲੀਫੋਨ ਵੀ ਕੀਤੇ ਜਾਣ।

2) ਸਮੂਹ ਵੈਟਨਰੀ ਇੰਸਪੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰ ਉਹਨਾਂ ਦੀ 5 ਸਾਲ ਦੀ ਰੈਗੂਲਰ ਸੇਵਾ ਮੁਕੰਮਲ ਹੋ ਗਈ ਹੋਵੇ ਅਤੇ ਉਹਨਾਂ ਵਿਰੁੱਧ ਕੋਈ ਸ਼ਕਾਇਤ/ਇੰਨਕੁਆਰੀ ਆਦਿ ਪੈਡਿੰਗ ਨਾ ਹੋਵੇ ਅਤੇ ਉਹ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਡੈਪੂਟੇਸ਼ਨ ਤੇ ਜਾਣ ਦੇ ਚਾਹਵਾਨ ਹੋਣ, ਤਾਂ ਉਹ ਇਸ ਸਬੰਧੀ ਆਪਣੀ ਸਹਿਮਤੀ ਤੁਰੰਤ ਸਬੰਧਿਤ ਡਿਪਟੀ ਡਾਇਰੈੱਕਟਰ, ਪਸ਼ੂ ਪਾਲਣ, ਰਾਹੀ ਇਸ ਦਫਤਰ ਨੂੰ ਭੇਜਣ ਅਤੇ ਸਹਿਮਤੀ ਪੱਤਰ ਦੀ ਇੱਕ ਕਾਪੀ ਸਿੱਧੇ dahpujab@gmail.com ਤੇ ਈ.ਮੇਲ ਕੀਤੀ ਜਾਵੇ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।

**ਦਸਤੀ**

ਪਿ:ਅੰ:ਨੰ: 2019/ਅ-4/ ਮਿਤੀ:

ਇਸ ਦਾ ਇੱਕ ਉਤਾਰਾ ਡਾ: ਪਰਮਪਾਲ ਸਿੰਘ, ਵੈਟਨਰੀ ਅਫਸਰ (ਨੋਡਲ ਅਫਸਰ, ਵੈਬਸਾਈਡ ਐਂਡ ਐਪ ਸੈੱਲ (ਸਦਰ ਦਫਤਰ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨੂੰ ਤੁਰੰਤ ਵਿਭਾਗ ਦੀ ਵੈਬਸਾਈਡ ਤੇ ਅੱਪਲੋਡ ਕੀਤਾ ਜਾਵੇ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।

ਪਿ:ਅੰ:ਨੰ: 2019/ਅ-4/ ਮਿਤੀ:

ਇਸ ਦਾ ਇੱਕ ਉਤਾਰਾ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ (ਪਸ਼ੂ ਪਾਲਣ ਸ਼ਾਖਾ-2) ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।